# ਊੜਾ ਆੜਾ ਈੜੀ

ਉੜਾ ਆੜਾ ਈੜੀ

ਸੱਸੇ ਤੋਂ ਮਗਰੋਂ ਹਾਹਾ

ਨਸ਼ੇ  ਤਾਂ ਹੁੰਦੇ ਫਾਹਾ

ਵੇਖੋ ਵੇਖੀ ਗਲੇ ਵਿਚ

ਪਾਇਆ ਨਾਂ ਕਰੋ

ਪੰਜਾਬੀ ਮਾਂ ਦੇ ਪੁੱਤ

ਮਰਵਾਇਆ ਨਾਂ ਕਰੋ

ਕੱਕਾ ਖਖਾ  ਗੱਗਾ

ਘਗ੍ਹੇ ਤੋਂ ਮਗਰੋਂ  ਕੰਕਾਂ

ਕਦੇ ਮੈਂ ਮਾਤ ਭਾਸ਼ਾ ਦਾ

ਨਾਂ ਗੁਣਗਾਨ ਕਰਨ ਤੋਂ ਸੰਗਾਂ

ਜੇਬ ਦੇ ਅੰਦਰ ਰਖਾਂ

ਕੇਦਾ ਮਾਂ ਪੰਜਾਬੀ ਦਾ

ਅਮਬਰ ਤੱਕ ਪੁਚਾਣਾਂ

ਯਾਰੋ ਨਾਂ ਪੰਜਾਬੀ ਦਾ

ਲੰਦਨ ਵਿਚ ਪੁਚਾਣਾਂ

ਕੇਦਾ  ਮਾਂ ਪੰਜਾਬੀ ਦਾ

ਚਚਾ ਛਛਾ ਜੱਜਾ

ਝੱਜੇ ਤੋਂ ਮਗਰੋਂ ਚੰਚਾਂ

ਦਿਲ ਤਾਂ ਮੇਰਾ ਵੀ ਕਰਦਾ

ਯਾਰੋ ਮੈਂ ਸਕੂਲੇ ਵੰਞਾਂ

ਕਰ ਲਵਾਂ ਮੈਂ ਕੰਠ

ਕੇਦਾ ਮਾਂ ਪੰਜਾਬੀ ਦਾ

ਅਮਬਰ ਤੱਕ ਪੁਚਾਣਾਂ

ਯਾਰੋ ਨਾਂ ਪੰਜਾਬੀ ਦਾ

ਲੰਦਨ ਵਿਚ ਪੁਚਾਣਾਂ

ਕੇਦਾ ਮਾਂ ਪੰਜਾਬੀ ਦਾ

ਤੱਤਾ ਥਥਾ ਦਦਾ

ਧਦੇ ਤੋਂ ਮਗਰੋਂ ਨੰਨਾ

ਸਾਰੀ ਦੁਨੀਆਂ ਨੂੰ ਸਮਝਾਣਾ

ਅਧਕ ਟਿੱਪੀ ਕੰਨਾਂ

ਅੰਗ੍ਰੇਜ਼ੀ ਨਾਲੋਂ ਉੱਪਰ ਮੈਂ

ਗੁਰੂਆਂ ਦੀ ਭਾਸ਼ਾ ਮੰਨਾਂ

ਅੰਬਰ ਤਕ ਪੁਚਾਣਾਂ

ਯਾਰੋ ਨਾਂ ਪੰਜਾਬੀ ਦਾ

ਲੰਦਨ ਵਿਚ ਪੁਚਾਣਾਂ

ਕੇਦਾ ਮਾਂ ਪੰਜਾਬੀ ਦਾ

ਟੈਂਕਾ ਠਠਾ ਡਡਾ
ਢਧੇ ਤੋਂ ਮਗਰੋਂ ਨਾਣਾ
ਗੁਰੂਆਂ ਦੀ ਬਾਣੀ ਦਾ
ਦੁਨੀਆਂ ਨੂੰ ਪਾਠ ਪੜਾਨਾ
ਨਾਮ ਜਪਣ ਤੇ ਵੰਡ ਛਕਣ ਦਾ
ਮਤਲਬ ਵੀ ਸਮਝਾਣਾ
ਤਾਂ ਹੀ ਦੁਨੀਆਂ ਜਾਣੂ
ਰੁਤਬਾ ਮਾਂ ਪੰਜਾਬੀ ਦਾ
ਅਮਬਰ ਤੱਕ ਪੁਚਾਣਾਂ
ਯਾਰੋ ਨਾਂ ਪੰਜਾਬੀ ਦਾ
ਲੰਦਨ ਵਿਚ ਪੁਚਾਣਾਂ
ਕੇਦਾ ਮਾਂ ਪੰਜਾਬੀ ਦਾ

ਪਪਾ ਫ਼ਫਾ ਬੱਬਾ
ਭੱਬੇ ਤੋਂ ਮਗਰੋਂ ਮੰਮਾ
ਸੱਪ ਕੁਰਪਸ਼ਨ ਦਾ
ਯਾਰੋ ਅਜਗਰ ਤੋਂ ਵੀ ਲੰਮਾ
ਕਰਦਾ ਹੈ ਬਦਨਾਮ
ਯਾਰੋ ਨਾਂ ਪੰਜਾਬੀ ਦਾ
ਸੀਨਾਂ ਛਲਨੀ ਕਰਦਾ
ਯਾਰੋ ਮਾਂ ਪੰਜਾਬੀ ਦਾ

ਅਮਬਰ ਤਕ  ਪੁਚਾਣਾਂ

ਯਾਰੋ ਨਾਂ ਪੰਜਾਬੀ  ਦਾ

ਲੰਦਨ  ਵਿਚ ਪੁਚਾਣਾਂ

ਕੇਦਾ  ਮਾਂ ਪੰਜਾਬੀ ਦਾ

ਯਯਾ ਰਾਰਾ ਲੱਲਾ

ਵਵੈ ਤੋਂ ਮਗਰੋਂ  ਰਾੜਾ

ਕੁਖ  ਵਿਚ ਕੁੜੀਆਂ ਮਾਰਣ ਦਾ

ਯਾਰੋ  ਕੰਮ  ਬਹੁਤ ਹੀ  ਮਾੜਾ

ਪੁੱਤਰੋ ਕਾਲਾ ਦਾਗ ਮਿਟਾਓ

ਸੱਦਾ ਮਾਂ ਪੰਜਾਬੀ ਦਾ

ਅਮਬਰ ਤਕ  ਪੁਚਾਣਾਂ

ਯਾਰੋ ਨਾਂ ਪੰਜਾਬੀ ਦਾ

ਲੰਦਨ  ਵਿਚ ਪੁਚਾਣਾਂ

ਕੇਦਾ ਮਾਂ ਪੰਜਾਬੀ ਦਾ